File No.SED-EDU303/25/2022-3EDU3 | 202225 (1)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਪ੍ਰਿੰਸੀਪਲ,
Dr. Gagandeep Rotary Public School,
Piran Wala Gate, Sunam,
District Sangrur.

ਮਿਤੀ:ਚੰਡੀਗੜ੍ਹ: 31/3/2022

ਵਿਸ਼ਾ:- Dr. Gagandeep Rotary Public School, Piran Wala Gate, Sunam, District Sangrur ਨੂੰ ਸੀ.ਬੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਦਸਵੀਂ ਪੱਧਰ ਦਾ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ।

******

ਉਪਰਕੋਤ ਵਿਸ਼ੇ ਤੇ ਆਪ ਵੱਲੋਂ ਪੋਰਟਲ ਤੇ ਐਪਲੀਕੇਸ਼ਨ ਨੰ. 4984229743 ਰਾਹੀਂ ਅਪਲਾਈ ਕੀਤੇ ਕੇਸ ਦੇ ਹਵਾਲੇ ਵਿੱਚ।

2. ਸਕੂਲ ਦੀ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜਾਂ ਸਮੇਤ ਹਲਫੀਆਂ ਬਿਆਨ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀਆਂ ਸਿਫਾਰਸ਼ਾਂ ਨੂੰ ਗਹੁ ਨਾਲ ਵਿਚਾਰਨ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਦਸਵੀਂ ਪੱਧਰ ਦਾ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾਂਦਾ ਹੈ:-

1. ਭਵਿੱਖ ਵਿਚ ਕਿਸੇ ਵੀ ਸ਼ਿਕਾਇਤ/ਇੰਸਪੈਕਸ਼ਨ ਹੋਣ ਤੇ ਜੇਕਰ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਆਪ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਮੇਂ ਸਰਕਾਰ ਨੂੰ ਗਲਤ ਸੂਚਨਾ ਦੇ ਅਧਾਰ ਤੇ ਦਰਖਾਸਤ ਦਿੱਤੀ ਗਈ ਹੈ ਅਤੇ ਜਾਂ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵੱਲੋਂ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਇਸ ਤਰ੍ਹਾਂ ਹਲਫੀਆਂ ਬਿਆਨ ਵਿਚ ਦਿੱਤੀਆਂ ਲਿਖਤੀ ਸ਼ਰਤਾਂ ਨੂੰ ਨਹੀਂ ਮੰਨਿਆ ਜਾਂਦਾ, ਤਾਂ ਅਜਿਹੇ ਹਾਲਤ ਵਿੱਚ ਕਿਸੇ ਵੀ ਸਮੇਂ ਇਹ ਇਤਰਾਜਹੀਣਤਾ ਸਰਟੀਫਿਕੇਟ ਵਾਪਸ ਲਿਆ ਜਾ ਸਕਦਾ ਹੈ।
2. ਆਪ ਦੇ ਸਕੂਲ ਵਿੱਚ ਪੰਜਾਬੀ ਨੂੰ ਪੜ੍ਹਾਉਣਾ ਦਸਵੀਂ ਪੱਧਰ ਤੱਕ ਲਾਜਮੀ ਹੋਵੇਗਾ ਅਤੇ **ਸੀ.ਬੀ.ਐਸ.ਈ** ਨਵੀਂ ਦਿੱਲੀ ਅਜਿਹੇ ਸਕੂਲਾਂ ਵਿੱਚ ਪੰਜਾਬੀ ਦਾ ਇਮਤਿਹਾਨ ਲੈਣ ਦਾ ਉਪਰਾਲਾ ਲਾਜਮੀ ਕਰੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

P.T.O.

3. ਸਕੂਲ ਮੈਨੇਜਮੈਂਟ, ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਆਰ.ਟੀ.ਈ.ਐਕਟ 2009 ਦੇ ਤਹਿਤ ਜਾਰੀ ਕੀਤੇ ਨੋਟੀਫਿਕੇਸ਼ਨ ਅਤੇ ਪੰਜਾਬ ਰਾਜ ਲਈ ਬਣਾਏ ਆਰ.ਟੀ.ਈ.ਐਕਟ-2009 ਦੇ ਰੂਲਾਂ ਦੀ ਇੰਨ-ਬਿਨ ਪਾਲਣਾ ਕਰੇਗੀ।

4. **ਸੀ.ਬੀ.ਐਸ.ਈ** ਨਵੀਂ ਦਿੱਲੀ ਦੀ ਐਫੀਲੀਏਸ਼ਨ ਲੈਣ ਉਪਰੰਤ ਸਕੂਲ ਦੀ ਮੈਨਜਮੈਂਟ ਸਕੂਲ ਦੇ ਟੀਚਿੰਗ ਸਟਾਫ ਅਤੇ ਨਾਨ ਟੀਚਿੰਗ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਵਾਂਗ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਊਂਟ ਪੇਈ ਚੈਕਾਂ ਰਾਹੀਂ ਦੇਣ ਲਈ ਵਚਨਵੱਧ ਹੋਵੇਗੀ। ਸਕੂਲ ਐਕਸਟੈਨਸ਼ਨ/ਅਪਗ੍ਰੇਡੇਸ਼ਨ ਸਮੇਂ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੇ ਕੋਲ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦਾ ਬਣਦਾ ਰਿਜ਼ਰਵ ਫੰਡ ਜਮ੍ਹਾ ਕਰਵਾਏਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

5. ਤੁਸੀ ਖੁਦ ਤੇ ਤੁਹਾਡੀ ਮੈਨੇਜਮੈਂਟ ਇਹ ਵੀ ਯਕੀਨੀ ਬਣਾਏਗੀ ਕਿ ਤੁਹਾਡੇ ਜਿਲ੍ਹੇ ਦੇ ਸਿੱਖਿਆ ਅਫਸਰ ਵੱਲੋਂ ਜਾਂ ਸਿੱਖਿਆ ਵਿਭਾਗ ਦੇ ਕਿਸੇ ਸੀਨੀਅਰ ਅਧਿਕਾਰੀ ਵੱਲੋਂ ਜਦੋਂ ਵੀ ਕਿਸੇ ਤਰ੍ਹਾਂ ਦੀ ਸੂਚਨਾ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਸਨੂੰ ਲੋੜੀਂਦੀ ਸੂਚਨਾ ਉਪਲੱਬਧ ਕਰਵਾਈ ਜਾਵੇਗੀ ਅਤੇ ਨਾਲ ਹੀ ਲੋੜੀਂਦਾ ਸਹਿਯੋਗ ਵੀ ਦਿੱਤਾ ਜਾਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

6 ਬੱਚਿਆ ਦੀ ਸੁਰੱਖਿਆ, ਪਬਲਿਕ ਹੈਲਥ ਸੈਨੀਟੇਸ਼ਨ ਅਤੇ ਹੋਰ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਦੀਆਂ ਸ਼ਰਤਾਂ ਦਾ ਸਮੇਂ -2 ਨਿਰੀਖਣ ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਕੀਤਾ ਜਾਵੇਗਾ।

7. ਪੰਜਾਬ ਸਰਕਾਰ ਵੱਲੋਂ ਪੱਤਰ ਨੰ:2/93/2009/3ਸਿ3/1360154 ਮਿਤੀ 26.11.2018 ਰਾਹੀਂ ਜਾਰੀ ਕੀਤੀਆਂ ਗਾਈਡਲਾਇਨਜ਼ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਅਧੀਨ ਸਕੱਤਰ ਸਕੂਲ ਸਿੱਖਿਆ

ਮਿਤੀ, ਚੰਡੀਗੜ੍ਹ:

ਪਿੰ:ਅੰ:ਨੰ: SED-EDU303/25/2022-3EDU3/

ਉਪਰਕੋਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਚੰਡੀਗੜ੍ਹ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਸਕੂਲ ਦੀ ਹਰ ਪੰਜ ਸਾਲ ਵਿੱਚ ਘੱਟੋ-ਘੱਟ ਇਕ ਵਾਰ ਇੰਸਪੈਕਸ਼ਨ ਹਰ ਹਾਲਤ ਵਿੱਚ ਕਰਵਾਈ ਜਾਵੇ ਅਤੇ ਇੰਸਪੈਕਸ਼ਨ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ। ਸਬੰਧਤ ਸਕੂਲ ਤੋਂ ਉਪਰੋਕਤ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਸੰਗਰੂਰ।

ਅਧੀਨ ਸਕੱਤਰ ਸਕੂਲ ਸਿੱਖਿਆ